ਸਫ਼ਾ ਇਕ ਦੀਆਂ ਬਾਕੀਆਂ...

ਏਸ਼ੀਆਈ ਖੇਡਾਂ 'ਚੋਂ 85 ਤਮਗ਼ਿਆਂ ਨਾਲ ਭਾਰਤ ਨੇ ਚੌਥੇ ਸਥਾਨ 'ਤੇ ਕੀਤਾ ਸਫ਼ਰ ਖ਼ਤਮ

ਸੋਨ ਤਮਗ਼ਾ ਜਿੱਤ ਕੇ ਇਤਿਹਾਸ ਰਚਿਆ। ਹਾਕੀ ਵਿਚ ਭਾਰਤੀ ਮਹਿਲਾ ਟੀਮ ਨੇ ਚੀਨ ਨੂੰ 1-0 ਨਾਲ ਹਰਾ ਕੇ 44 ਸਾਲਾਂ ਬਾਅਦ ਸੋਨ ਤਮਗ਼ਾ ਜਿੱਤਿਆ, ਜਦਕਿ ਪੁਰਸ਼ ਟੀਮ ਨੇ ਫ਼ਾਈਨਲ ਵਿਚ ਮਲੇਸ਼ੀਆ ਨੂੰ ਹਰਾ ਕੇ ਅਪਣੇ ਖ਼ਿਤਾਬ ਦਾ ਬਚਾਅ ਕੀਤਾ। ਦੋਵਾਂ ਟੀਮਾਂ ਨੇ 2028 ਲਾਸ ਏਂਜਲਸ ਉਲੰਪਿਕ ਲਈ ਵੀ ਸਿੱਧਾ ਕੁਆਲੀਫ਼ਾਈ ਕੀਤਾ। ਇਸ ਤੋਂ ਇਲਾਵਾ ਕ੍ਰਿਕਟ ਵਿਚ ਪੁਰਸ਼ ਅਤੇ ਮਹਿਲਾ ਦੋਵਾਂ ਟੀਮਾਂ ਨੇ ਅਪਣੇ ਸੋਨ ਤਮਗ਼ਿਆਂ ਦਾ ਬਚਾਅ ਕੀਤਾ। ਗੋਲਫ਼ ਵਿਚ ਪ੍ਰਣਵੀ ਉਰਸ ਨੇ ਵਿਅਕਤੀਗਤ ਸੋਨ ਤਮਗ਼ਾ ਜਿੱਤਿਆ, ਜਦਕਿ ਮੁੱਕੇਬਾਜ਼ੀ ਵਿਚ ਪਰਵੀਨ ਹੁੱਡਾ, ਲਵਲੀਨਾ ਬੋਰਗੋਹੇਨ ਅਤੇ ਅੰਕੁਸ਼ ਪੰਘਾਲ ਨੇ ਅਤੇ ਕੁਸ਼ਤੀ ਵਿਚ ਸੁਜੀਤ ਕਲਕਲ ਤੇ ਅਮਨ ਸਹਿਰਾਵਤ ਨੇ ਭਾਰਤ ਦੀ ਝੋਲੀ ਵਿਚ ਸੋਨ ਤਮਗ਼ੇ ਪਾਏ। (ਏਜੰਸੀ)

ਏਸ਼ੀਆਈ ਖੇਡਾਂ ਸਮਾਪਤ

2026 ਦੀਆਂ ਏਸ਼ੀਆਈ ਖੇਡਾਂ ਦਾ ਆਖ਼ਰੀ ਸੋਨ ਤਮਗ਼ਾ ਜਿੱਤਿਆ। ਹੁਨਰ ਘੋੜ-ਸਵਾਰੀ ਦੇ 'ਡਿਸ ਜੰਪਿਗ' ਮੁਕਾਬਲੇ ਵਿਚ ਜੋੜੂ ਬਣੇ। ਉਨ੍ਹਾਂ ਦੇ ਚੋਣ ਵਾਸੀ ਅਥਲੈਟਿਹਿਮਾਨ ਬਦਰ ਔਮ. ਅਲ-ਰਾਸ਼ਦੀ ਨੇ ਚਾਂਦੀ ਦਾ ਤਮਗ਼ਾ ਜਿੱਤਿਆ ਜਦਕਿ ਕਤਰ ਦੇ ਮੁਹੰਮਦ ਬਾਸ਼ੇਮ ਨੇ ਕਾਂਸੀ ਦਾ ਤਮਗ਼ਾ ਹਾਸਲ ਕੀਤਾ। ਬਾਈ ਅਥਲੀਟ ਬੂਲਸਨ ਪੁਰੀਘੋਰ ਅਤੇ 13 ਸਾਲਾ ਜੀਨੀ ਤੈਰਾਕ ਯੂ ਜਿਦੀ ਨੂੰ 'ਮਿਸਟਰ ਵੈਲਿਊਏਬਲ ਪਲੇਅਰ' (ਸੱਭ ਤੋਂ ਕੀਮਤੀ ਖਿਡਾਰੀ) ਦਾ ਪੁਰਸਕਾਰ ਦਿਤਾ ਗਿਆ। ਬੁਨਸਨ ਨੇ ਪੁਰਸ਼ਾਂ ਦੀ 100 ਮੀਟਰ ਦੌੜ ਦੇ ਸੈਮੀ-ਫ਼ਾਈਨਲ ਵਿਚ 9.91 ਸਕਿੰਟਾਂ ਦਾ ਖੇਡ ਰਿਕਾਰਡ ਬਣਾਇਆ ਅਤੇ ਬਾਅਦ ਵਿਚ ਫ਼ਾਈਨਲ ਵਿਚ 9.90 ਸਕਿੰਟਾਂ ਦੇ ਸਮੇਂ ਨਾਲ ਸੋਨ ਤਮਗ਼ਾ ਜਿੱਤਿਆ। (ਏਜੰਸੀ)

ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਲਕਸਨ ਨੇ ਸਿੱਖਾਂ ਦੇ ਯੋਗਦਾਨ ਦੀ ਕੀਤੀ ਸ਼ਲਾਘਾ

ਨੇ ਸਿੱਖਾਂ ਵਲੋਂ ਅਪਣੀ ਅਗਲੀ ਪੀੜ੍ਹੀ ਨੂੰ ਉੱਚੇ ਸੰਸਕਾਰ ਦੇਣ ਅਤੇ ਦੇਸ਼ ਦੇ ਸਭਿਆਚਾਰ ਨਾਲ ਜੋੜ ਕੇ ਰੱਖਣ ਦੇ ਯਤਨਾਂ ਦੀ ਪ੍ਰਸ਼ਾਲ ਦਿਤੀ। ਉਨ੍ਹਾਂ ਕਿਹਾ ਕਿ ਨਿਊਜ਼ੀਲੈਂਡ ਦੀ ਅਸਲ ਤਾਕਤ ਇਸ ਦੀ ਵਿਭਿੰਨਤਾ ਅਤੇ ਏਕਤਾ ਵਿਚ ਹੈ। ਦਸਣਯੋਗ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਦੀ ਨਿਊਜ਼ੀਲੈਂਡ ਫੇਰੀ ਦੌਰਾਨ ਸਿੱਖਾਂ ਦੀ ਕੀਤੀ ਗਈ ਤਾਰੀਫ਼ ਅਤੇ ਹੁਣ ਖ਼ੁਦ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਵਲੋਂ ਗੁਰਦੁਆਰਾ ਸਾਹਿਬ ਜਾ ਕੇ ਦਿਤਾ ਗਿਆ ਇਹ ਬਿਆਨ ਕੱਟੜਪੰਥੀ ਸੋਚ ਰੱਖਣ ਵਾਲੇ ਅਨਸਰਾਂ ਦੇ ਨਕਾਰਾਤਮਕ ਪ੍ਰਚਾਰ ਨੂੰ ਇਕ ਕਰਾਰੇ ਜਵਾਬ ਵਜੋਂ ਦੇਖਿਆ ਜਾ ਰਿਹਾ। ਇਹ ਸਰਕਾਰੀ ਮਾਨਤਾ ਸਾਬਤ ਕਰਦੀ ਹੈ ਕਿ ਸਿੱਖ ਭਾਈਚਾਰਾ ਨਿਊਜ਼ੀਲੈਂਡ ਸਮਾਜ ਦਾ ਇਕ ਅਟੁਟ ਅਤੇ ਸਤਿਕਾਰਤ ਹਿੱਸਾ ਹੈ, ਜਿਸ ਨੂੰ ਕਿਸੇ ਵੀ ਤਰ੍ਹਾਂ ਦੇ ਭੇਦਭਾਵ ਜਾਂ ਨਫ਼ਰਤ ਨਾਲ ਅਲੱਗ ਨਹੀਂ ਕੀਤਾ ਜਾ ਸਕਦਾ।

ਹਰੇਕ ਮਾਂ ਤੇ ਭੈਣ 'ਮਾਵਾਂ-ਧੀਆਂ ਸਤਿਕਾਰ ਯੋਜਨਾ' ਦੀ ਬ੍ਰਾਂਡ ਅੰਬੈਸਡਰ : ਭਗਵੰਤ ਮਾਨ

ਬੀਬੀ ਗੁਰਮੇਲ ਕੌਰ ਦੇ ਚਿਹਰੇ 'ਤੇ ਹਮੇਸ਼ਾ ਮੁਸਕਰਾਹਟ ਬਣਾਈ ਰੱਖੋ। ਇਹ ਦਿਲ ਨੂੰ ਛੂਹ ਲੈਣ ਵਾਲੀ ਵੀਡੀਉ ਸਾਂਝੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੁਸ਼ਨੀਕ ਮਾਤਾ ਜੀ, ਅੱਜ ਤੁਹਾਨੂੰ ਮਿਲ ਕੇ ਮੇਰੀ ਰੂਹ ਨੂੰ ਸੱਚਾ ਸਕੂਨ ਮਿਲਿਆ ਹੈ। ਵਾਹਿਗੁਰੂ ਤੁਹਾਡੇ ਚਿਹਰੇ 'ਤੇ ਇਹ ਮੁਸਕਰਾਹਟ ਹਮੇਸ਼ਾ ਬਣਾਈ ਰੱਖੇ। ਤੁਹਾਡਾ ਪੁੱਤ ਹਮੇਸ਼ਾ ਪੰਜਾਬ ਦੀ ਸੇਵਾ ਵਿਚ ਡਟਿਆ ਰਹੇਗਾ। ਪੰਜਾਬ ਦੀਆਂ ਉਨ੍ਹਾਂ ਸਾਰੀਆਂ ਮਾਵਾਂ ਅਤੇ ਭੈਣਾਂ ਦਾ ਤਹਿ ਦਿਲੋਂ ਧਨਵਾਦ, ਜਿਨ੍ਹਾਂ ਨੇ ਸਤਿਕਾਰ ਯੋਜਨਾ' ਨੂੰ ਸਫ਼ਲ ਬਣਾਇਆ। ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੀ ਹਰ ਮਾਂ ਅਤੇ ਭੈਣ 'ਮਾਵਾਂ-ਧੀਆਂ ਸਤਿਕਾਰ ਯੋਜਨਾ' ਦੀ ਬ੍ਰਾਂਡ ਅੰਬੈਸਡਰ ਹੈ। ਇਹ ਯੋਜਨਾ ਇਕ ਸਮਾਜਕ ਇਨਕਲਾਬ ਹੈ, ਜੋ ਸਾਡੀਆਂ ਮਾਵਾਂ ਅਤੇ ਧੀਆਂ ਦਾ ਆਤਮ-ਵਿਸ਼ਵਾਸ ਅਤੇ ਆਤਮ-ਸਨਮਾਨ ਵਧਾਏਗੀ। ਮੁੱਖ ਮੰਤਰੀ ਨੇ ਪਿੰਡ ਆਦਮਪੁਰ ਦੀ ਬੀਬੀ ਗੁਰਮੇਲ ਕੌਰ (ਮੇਲੋ) ਦਾ ਸਨਮਾਨ ਕੀਤਾ, ਜੋ ਇਸ ਯੋਜਨਾ ਦੀ ਪਹਿਲੀ ਲਾਭਪਾਤਰੀ ਦੀ ਲਾਂਚਿੰਗ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਕਾਫ਼ੀ ਚਰਚਿਤ ਹੋਈ ਸੀ। ਇਸ ਯੋਜਨਾ ਨੂੰ ਕੀਤੀ ਸਫ਼ਲਤਾ ਦਿਵਾਉਣ ਲਈ ਪੰਜਾਬ ਚੀਮਾਂ ਮਾਵਾਂ ਅਤੇ ਭੈਣਾਂ ਦਾ ਤਹਿ ਦਿਲੋਂ ਧਨਵਾਦ ਕਰਦਿਆਂ, ਜਿਨ੍ਹਾਂ ਨੇ 'ਮਾਵਾਂ-ਧੀਆਂ ਸਤਿਕਾਰ ਯੋਜਨਾ' ਨੂੰ ਬਹੁਤ ਵੱਡੀ ਸਫ਼ਲਤਾ ਦਿਵਾਈ ਹੈ। ਹੁਣ ਤਕ ਸਤਿਕਾਰ ਰਾਸ਼ੀ ਵਜੋਂ 3,824.87 ਕਰੋੜ ਰੁਪਏ ਸਿੱਧੇ ਅਰਤਾਂ ਦੇ ਬੈਂਕ ਖਾਤਿਆਂ ਵਿਚ ਟਰਾਂਸਫ਼ਰ ਕੀਤੇ ਜਾ ਚੁੱਕੇ ਹਨ। ਇਹ ਅੰਕੜਾਂ ਲਈ ਵਿੱਤੀ ਆਜ਼ਾਦੀ ਦਾ ਰਸਤਾ ਹੈ। ਪੰਜਾਬ ਦੀਆਂ ਲਗਭਗ 97 ਫ਼ੀ ਸਦੀ ਅੌਰਤਾਂ ਇਸ ਯੋਜਨਾ ਦਾ ਲਾਭ ਲੈਣ ਲਈ ਯੋਗ ਹਨ। ਸਾਡਾ ਟੀਚਾ ਇਕ ਕਰੋੜ ਬੀਬੀਆਂ ਤਕ ਸਤਿਕਾਰ ਰਾਸ਼ੀ ਦਾ ਲਾਭ ਪਹੁੰਚਾਉਣਾ ਹੈ।

ਪਰਗਟ ਸਿੰਘ ਨੇ ਡਾ. ਮਨਮੋਹਨ ਸਿੰਘ ਦੀ ਪਤਨੀ ਡਾ. ਹਰਸ਼ਰਨ ਕੌਰ ਤੋਂ ਲਿਆ ਅਸ਼ੀਰਵਾਦ

ਸਿਆਸੀ ਸਲਾਹਕਾਰ ਅਤੇ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਤੋਂ ਇਲਾਵਾ ਸੀਨੀਅਰ ਆਗੂ ਅੰਬਿਕਾ ਸੋਨੀ, ਕਾਂਗਰਸ ਦੀ ਮੀਡੀਆ ਟੀਮ ਕਾਂਗਰਸ ਮੀਡੀਆ ਸੈਲ ਦੇ ਚੇਅਰਮੈਨ ਰਾਜਿੰਦਰਪਾਲ ਗੌਤਮ ਨੂੰ ਵੀ ਮਿਲੇ। ਹਨ। 5 ਅਕਤੂਬਰ ਨੂੰ ਉਹ ਜਿਥੇ ਕਾਂਗਰਸ ਦੇ ਪ੍ਰਦੇਸ਼ ਪ੍ਰਧਾਨਾਂ ਤੇ ਇੰਚਾਰਜਾਂ ਦੀ ਮੀਟਿੰਗ ਵਿਚ ਅਹੁਦਾ ਮਿਲਣ ਬਾਅਦ ਪਹਿਲੀ ਵਾਰ ਸ਼ਮੂਲ ਹੋਣਗੇ, ਉਥੇ ਇਸੇ ਦਿਨ ਰਾਹੁਲ ਗਾਂਧੀ ਨੂੰ ਮਿਲ ਕੇ ਭਵਿੱਖ ਦੀ ਰਣਨੀਤੀ ਲਈ ਪਾਰਟੀ ਵਲੋਂ ਦਿਸ਼ਾ ਨਿਰਦੇਸ਼ ਲੈ ਕੇ ਵਾਪਸ ਪੰਜਾਬ ਪਰਤਣਗੇ। ਪੰਜਾਬ ਅੰਦਰ ਵੀ ਪਰਗਟ ਸਿੰਘ ਦੀ ਕਾਂਗਰਸ ਪਾਰਟੀ ਅੰਦਰ ਨਵੀਂ ਜਾਨ ਫੂਕਣ ਦੀ ਸਮਰੱਥਾ ਅਤੇ ਉਡੀਕ ਕੀਤੀ ਜਾ ਰਹੀ ਹੈ ਅਤੇ ਉਹ ਸ਼ਾਇਦ ਪੰਜਾਬ ਪਰਤ ਕੇ ਸੱਭ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਜਾ ਕੇ ਮੱਥਾ ਟੇਕਣ ਬਾਅਦ ਔਰੇ ਕਦਮ ਵਧਾਉਣਗੇ। ਪਰਗਟ ਸਿੰਘ ਨੇ ਔਜ ਸਵਰਗੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਪਤਨੀ ਡਾ. ਹਰਸ਼ਰਨ ਕੌਰ ਨਾਲ ਉਨ੍ਹਾਂ ਦੀ ਰਿਹਾਇਸ਼ ਉਪਰ ਜਾ ਕੇ ਮੁਲਾਕਾਤ ਕੀਤੀ ਹੈ। ਪਰਗਟ ਸਿੰਘ ਨੇ ਡਾ. ਹਰਸ਼ਰਨ ਕੌਰ ਨਾਲ ਮੁਲਾਕਾਤ ਦੀਆਂ ਐਕਸ ਉਪਰ ਤਸਵੀਰਾਂ ਸਾਂਝੀਆਂ ਕਰਦੇ ਹੋਏ ਕਿਹਾ ਕਿ ਉਨ੍ਹਾਂ ਤੋਂ ਅਸ਼ੀਰਵਾਦ ਲਿਆ ਹੈ।

ਚੋਣ ਮੈਦਾਨ 'ਚ ਰੱਦੇਗੀ ਭਾਜਪਾ-ਕਾਂਗਰਸ ਦੇ ਨਵੇਂ ਪ੍ਰਧਾਨਾਂ ਤੇ ਇੰਚਾਰਜਾਂ ਦੀ ਪ੍ਰੀਖਿਆ

- ਦੋਹਾਂ ਪਾਰਟੀਆਂ ਦੀ ਨਵੀਂ ਲੀਡਰਸ਼ਿਪ ਅੱਗੇ ਜਥੇਬੰਦੀ ਨੂੰ ਇਕਜੁੱਟ ਕਰ ਕੇ ਬਿਹਤਰ ਚੋਣ ਪ੍ਰਦਰਸ਼ਨ ਦੀ ਵੱਡੀ ਚੁਣੌਤੀ

ਚੰਡੀਗੜ੍ਹ, 4 ਅਕਤੂਬਰ (ਸਲਿਲ ਖੰਨਾ): ਪੰਜਾਬ ਵਿਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਨੇ ਅਪਣੇ-ਅਪਣੇ ਸੂਬਾ ਇੰਚਾਰਜਾਂ ਅਤੇ ਪ੍ਰਧਾਨਾਂ ਨੂੰ ਬਦਲ ਦਿਤਾ ਹੈ। ਹਾਲ ਹੀ ਵਿਚ ਭਾਜਪਾ ਨੇ ਡਾ. ਸਤੀਸ਼ ਪੂਨੀਆ ਨੂੰ ਨਵਾਂ ਸੂਬਾ ਇੰਚਾਰਜ ਅਤੇ ਕੇਵਲ ਸਿੰਘ ਢਿੱਲੋਂ ਨੂੰ ਨਵਾਂ ਪ੍ਰਧਾਨ ਬਣਾਇਆ ਹੈ। ਇਸ ਤਰ੍ਹਾਂ ਕਾਂਗਰਸ ਨੇ ਵੀ ਬਦਲਾਅ ਕਰਦੇ ਹੋਏ ਸਚਿਨ ਪਾਇਲਟ ਨੂੰ ਸੂਬਾ ਇੰਚਾਰਜ ਅਤੇ ਉਲੰਪੀਅਨ ਪਰਗਟ ਸਿੰਘ ਨੂੰ ਨਵਾਂ ਸੂਬਾ ਪ੍ਰਧਾਨ ਥਾਪਿਆ ਹੈ।

ਦੋਹਾਂ ਪਾਰਟੀਆਂ ਦੀਆਂ ਇਨ੍ਹਾਂ ਨਵੀਆਂ ਜੋੜੀਆਂ ਦੇ ਸਾਹਮਣੇ ਹੁਣ 2027 ਦੇ ਚੋਣ ਮੈਦਾਨ ਵਿਚ ਅਪਣਾ ਦਮ ਦਿਖਾਉਣ ਦੀ ਵੱਡੀ ਚੁਣੌਤੀ ਹੋਵੇਗੀ। ਪੰਜਾਬ ਵਿਚ ਭਾਜਪਾ ਇਸ ਵਾਰ ਢਾਰ-ਵਾਰ ਇਕੱਲਿਆਂ ਹੀ ਚੋਣ ਲੜਨ ਦਾ ਐਲਾਨ ਕਰ ਰਹੀ ਹੈ। ਹਾਲਾਂਕਿ, ਇਸ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਨਾਲ ਪਾਰਟੀ ਦੇ ਗਠਜੋੜ ਦੀਆਂ ਅਟਕਲਾਂ ਵੀ ਲਗਾਤਾਰ ਜਾਰੀ ਹਨ। ਪਿਛਲਾ ਇਸ ਤੋਂ ਕੋਈ ਫ਼ੈਸਲਾ ਨਹੀਂ ਹੋਇਆ ਹੈ ਪਰ ਸਿਆਸੀ ਜ਼ਮੀਨੀ ਹਕੀਕਤ ਨੂੰ ਭਾਪਦੇ ਹੋਏ ਭਾਜਪਾ ਅੱਗੇ ਵਧ ਰਹੀ ਹੈ। ਪਾਰਟੀ ਸੂਤਰਾਂ ਮੁਤਾਬਕ, ਭਾਜਪਾ ਦਾ ਪੰਜਾਬ ਵਿਚ ਕਿਸੇ ਵੀ ਸਿਆਸੀ ਦਲ ਨਾਲ ਗਠਜੋੜ ਹੋਣ ਦੀ ਸੂਰਤ ਵਿਚ ਵੀ 117 ਸੀਟਾਂ 'ਤੇ ਪਾਰਟੀ ਦੇ ਅਪਣੇ ਹੀ ਚੋਣ ਨਿਸ਼ਾਨ ਉਤੇ ਚੋਣ ਲੜਨ ਦੀ ਗੱਲ ਕਹੀ ਹੈ।

ਫ਼ੈਸਲਾ ਭਾਜਪਾ ਦੇ ਨਵੇਂ ਇੰਚਾਰਜ ਅਤੇ ਪ੍ਰਧਾਨ ਦੀ ਸਮੀਖਿਆ ਤੋਂ ਬਾਅਦ ਹੀ ਹੋਵੇਗਾ। ਅਜਿਹੇ ਵਿਚ ਇਹ ਨਵੇਂ ਪ੍ਰਧਾਨ ਅਤੇ ਇੰਚਾਰਜ ਲਈ ਵੱਡੀ ਜ਼ਿੰਮੇਵਾਰੀ ਹੈ ਕਿਉਂਕਿ ਇਹ ਫ਼ੈਸਲਾ ਪੰਜਾਬ ਵਿਚ ਭਾਜਪਾ ਦੀ ਚੋਣ ਰਣਨੀਤੀ ਦਾ ਵੱਡਾ ਆਧਾਰ ਬਣੇਗਾ।

2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਅਤੇ ਇੰਚਾਰਜ ਡਾ. ਸਤੀਸ਼ ਪੂਨੀਆ ਦੀ ਭੂਮਿਕਾ ਜਥੇਬੰਦੀ ਅਤੇ ਚੋਣ ਰਣਨੀਤੀ ਦੇ ਦੋ ਅਹਿਮ ਹਿੱਸਿਆਂ ਨੂੰ ਵੇਖਿਆ ਜਾਵੇਗਾ। ਢਿੱਲੋਂ ਦੇ ਸਾਹਮਣੇ ਸੂਬਾ ਜਥੇਬੰਦੀ ਨੂੰ ਚੋਣ ਮੋਡ ਵਿਚ ਲਿਆਉਣ, ਜ਼ਿਲ੍ਹਾ ਅਤੇ ਬੂਥ ਪੱਧਰ ਦੇ ਵਰਕਰਾਂ ਨੂੰ ਸਰਗਰਮ ਕਰਨ, ਪੁਰਾਣੇ ਤੇ ਨਵੇਂ ਆਗੂਆਂ ਦੇ ਵਿਚ ਤਾਲਮੇਲ ਬਣਾਉਣ ਅਤੇ ਸਾਰੀਆਂ 117 ਸੀਟਾਂ 'ਤੇ ਮਜ਼ਬੂਤ ਸਥਾਨਕ ਲੀਡਰਸ਼ਿਪ ਤਿਆਰ ਕਰਨ ਦੀ ਜ਼ਿੰਮੇਵਾਰੀ ਹੈ। ਪਿਛਲੇ ਦਿਨੀਂ ਹੋਈਆਂ ਬੈਠਕਾਂ ਵਿਚ ਜ਼ਿਲ੍ਹਾ ਪੱਧਰ ਦੇ ਅਹੁਦੇਦਾਰਾਂ ਦੀ ਚੋਣ ਜ਼ਿੰਮੇਵਾਰੀ ਤੈਅ ਕੀਤੀ ਗਈ ਹੈ ਉਥੇ ਹੀ, ਪੁਨੀਆ ਕੇਂਦਰੀ ਲੀਡਰਸ਼ਿਪ ਦੇ ਨੁਮਾਇੰਦੇ ਦੇ ਤੌਰ 'ਤੇ ਹਰ ਰਣਨੀਤੀ 'ਤੇ ਨਜ਼ਰ ਰੱਖਣਗੇ। ਉਨ੍ਹਾਂ ਨੇ 117 ਸੀਟਾਂ 'ਤੇ ਪਾਰਟੀ ਦੇ ਅਪਣੇ ਦਮ 'ਤੇ ਚੋਣ ਲੜਨ ਦੀ ਗੱਲ ਕਹੀ ਹੈ।

ਪਾਇਲਟ-ਪਰਗਟ ਦੀਆਂ ਚੁਣੌਤੀਆਂ ਵੀ ਘੱਟ ਨਹੀਂ

ਪੰਜਾਬ ਕਾਂਗਰਸ ਦੇ ਨਵੇਂ ਇੰਚਾਰਜ ਸਚਿਨ ਪਾਇਲਟ ਅਤੇ ਸੂਬਾ ਪ੍ਰਧਾਨ ਪਰਗਟ ਸਿੰਘ ਦੇ ਸਾਹਮਣੇ ਸੱਭ ਤੋਂ ਪਹਿਲੀ ਚੁਣੌਤੀ ਪਾਰਟੀ ਦੇ ਅੰਦਰ ਲੰਬੇ ਸਮੇਂ ਤੋਂ ਚਲ ਰਹੀ ਖਿੱਚੋਤਾਣ ਦੀਆਂ ਖ਼ਬਰਾਂ ਵਿਚਾਲੇ ਸੀਨੀਅਰ ਆਗੂਆਂ ਨੂੰ ਇਕ ਮੰਚ 'ਤੇ ਲਿਆਉਣ ਦੀ ਹੋਵੇਗੀ। ਪਾਇਲਟ ਦੇ ਸਾਹਮਣੇ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਦੇ ਚਿਹਰੇ ਦੇ ਦਾਅਵੇਦਾਰਾਂ ਦੇ ਵਿਚ ਸੰਤੁਲਨ ਬਣਾਉਣਾ ਵੀ ਕੋਈ ਘੱਟ ਚੁਣੌਤੀ ਨਹੀਂ ਹੋਵੇਗੀ। ਹਾਲਾਂਕਿ, ਪਾਇਲਟ ਸੰਕੇਤ ਦੇ ਚੁੱਕੇ ਹਨ ਕਿ ਪਹਿਲਾਂ ਸਮੂਹਕ ਰੂਪ ਵਿਚ ਚੋਣਾਂ ਜਿੱਤਣਾ ਪਾਰਟੀ ਦੀ ਪਹਿਲ ਹੋਵੇਗੀ ਅਤੇ ਲੀਡਰਸ਼ਿਪ ਦਾ ਫ਼ੈਸਲਾ ਬਾਅਦ ਵਿਚ ਕੀਤਾ ਜਾਵੇਗਾ। ਦੂਸਰੇ ਪਾਸੇ, ਪਰਗਟ ਸਿੰਘ ਦੇ ਸਾਹਮਣੇ ਜਥੇਬੰਦੀ ਨੂੰ ਬੂਥ ਪੱਧਰ ਤਕ ਸਰਗਰਮ ਕਰਨ, ਆਗੂਆਂ ਅਤੇ ਵਰਕਰਾਂ ਵਿਚ ਤਾਲਮੇਲ ਬਣਾਉਣ ਅਤੇ ਟਿਕਟਾਂ ਦੀ ਵੰਡ ਵਿਚ ਸੰਤੁਲਨ ਰੱਖਣ ਦੀ ਚੁਣੌਤੀ ਹੋਵੇਗੀ। ਪਾਰਟੀ ਨੂੰ ਮਾਲਵਾ, ਮਾਝਾ ਅਤੇ ਦੋਆਬਾ ਤਿੰਨਾਂ ਖੇਤਰਾਂ ਵਿਚ ਮਜ਼ਬੂਤ ਤਰੀਕੇ ਨਾਲ ਖੜ੍ਹਾ ਕਰਨਾ ਹੋਵੇਗਾ। ਇਸ ਨਾਲ ਹੀ ਸਾਲ 2022 ਵਿਚ 18 ਸੀਟਾਂ 'ਤੇ ਸਿਮਟ ਗਈ ਕਾਂਗਰਸ ਲਈ ਸਬੰਧਵਿਚ ਏਕਤਾ ਦੀ ਬਦੌਲਤ ਸੀਟਾਂ ਦੀ ਗਿਣਤੀ ਵਧਾਉਣਾ ਦੋਹਾਂ ਆਗੂਆਂ ਦੇ ਸਾਹਮਣੇ ਸੱਭ ਤੋਂ ਵੱਡੀ ਪ੍ਰੀਖਿਆ ਹੋਵੇਗੀ।

ਭਾਜਪਾ ਦੀ 'ਡਬਲ ਇੰਜਣ' ਸਰਕਾਰ ਦੱਸੇ 17 ਸਾਲਾਂ 'ਚ ਕੀ ਕੀਤਾ ?

ਦੀ 'ਡਬਲ ਇੰਜਣ' ਸਰਕਾਰ ਤੋਂ ਪੁੱਛਿਆ ਕਿ ਪਿਛਲੇ 17 ਸਾਲਾਂ ਵਿਚ ਬਿਹਾਰ ਦੀ ਇਸ ਸਾਲਾਨਾ ਹੜ੍ਹ ਦੀ ਸਮੱਸਿਆ ਨਾਲ ਨਜਿੱਠਣ ਲਈ ਕੀ ਕਦਮ ਚੁੱਕੇ ਗਏ। ਉਨ੍ਹਾਂ ਇਹ ਵੀ ਸਵਾਲ ਕੀਤਾ ਕਿ ਇਨ੍ਹਾਂ ਯਤਨਾਂ ਦਾ ਜ਼ਮੀਨ ਪੱਧਰ 'ਤੇ ਕੀ ਅਸਰ ਦਿਖਾਈ ਦਿੰਦਾ ਹੈ। ਉਨ੍ਹਾਂ ਕਿਹਾ,"ਬਿਹਾਰ ਦੇ ਲੋਕਾਂ ਨੂੰ ਹਰ ਸਾਲ ਰਾਹਤ ਤੇ ਭਰੋਸਾ ਨਹੀਂ, ਸਥਾਈ ਹੱਲ ਚਾਹੀਦਾ ਹੈ।" ਬਿਹਾਰ ਵਿਚ ਇਸ ਸਾਲ ਹੜ੍ਹ ਦੀ ਸਥਿਤੀ ਨੂੰ ਲੈ ਕੇ ਤਾਜ਼ਾ ਵਿਸ਼ਲੇਸ਼ਣਾਂ ਵਿਚ ਗੰਗਾ ਅਤੇ ਇਸ ਦੀਆਂ ਸਹਾਇਕ ਨਦੀਆਂ ਦੇ ਵਧੇ ਪੱਧਰ ਦੇ ਨਾਲ ਰਾਜ ਦੀ ਭੂਗੋਲਿਕ ਸਥਿਤੀ ਨੂੰ ਵੀ ਮਹੱਤਵਪੂਰਨ ਕਾਰਕ ਦਸਿਆ ਗਿਆ ਹੈ। ਸਤੰਬਰ ਵਿਚ ਗੰਗਾ ਨੇ ਪਟਨਾ ਵਿਚ ਅਪਣੇ ਪਿਛਲੇ ਉੱਚਤਮ ਪੱਧਰ ਨੂੰ ਪਾਰ ਕੀਤਾ ਸੀ। ਉੱਥੇ ਹੀ, ਗੰਡਕ, ਕੋਸੀ, ਬਾਗਮਤੀ ਅਤੇ ਪੁਨਪੁਨ ਸਮੇਤ ਕਈ ਨਦੀਆਂ ਵੀ ਵੱਖ-ਵੱਖ ਥਾਵਾਂ 'ਤੇ ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਰਹੀਆਂ। (ਏਜੰਸੀ)

'ਇਕ ਕਚੈਰੀ, ਦੋ ਸਮੋਸਾ, ਇਸ ਕਾਂਗਰਸ 'ਤੇ ਕੀ ਭਰੋਸਾ' ਨਾਹਰੇ ਨਾਲ ਸਾਂਝੀਆਂ ਕੀਤੀਆਂ ਤਸਵੀਰਾਂ

ਅਤੇ ਵਿਰੋਧੀ ਪਾਰਟੀਆਂ ਨੂੰ ਭਾਜਪਾ ਦੀ ਅਗਵਾਈ ਵਾਲੀ ਰਾਜ ਸਰਕਾਰ ਵਿਰੁਧ ਇਕਜੁਟ ਦਿਖਾਉਣ ਲਈ ਮੁਹਿੰਮ ਚਲਾ ਰਹੀ ਹੈ। ਗੋਆ ਪ੍ਰਦੇਸ਼ ਕਾਂਗਰਸ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਸੁਨੀਲ ਕਵਥੰਕਰ ਨੇ ਆਮ ਆਦਮੀ ਪਾਰਟੀ ਦੀ ਇਹ ਟਿਪਣੀ ਸਾਂਝਲਿਮ ਅਤੇ ਮੰਤਰੀ ਵਿਸ਼ਵਜੀਤ ਰਾਣੇ ਦੇ ਵਾਲਪੋਈ ਵਿਧਾਨ ਸਭਾ ਖੇਤਰ ਵਿਚ ਕਾਂਗਰਸ ਦੀਆਂ ਸਫ਼ਲ ਰੈਲੀਆਂ ਤੋਂ ਬਾਅਦ ਆਈ ਹੈ। (ਏਜੰਸੀ)

ਸਫ਼ਾ ਇਕ ਦੀਆਂ ਬਾਕੀਆਂ....

ਕੇਰਲਮ ਸਰਕਾਰ ਵਲੋਂ ਗਿਆਨੇਸ਼ ਕੁਮਾਰ ਵ